ੴ ਸਤਿਗੁਰ ਪ੍ਰਸਾਦਿ ॥

# ਜਨਰਲ ਸ਼ਿਵਦੇਵ ਸਿੰਘ, ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ ।

## ਸਾਲਾਨਾ ਰੀਪੋਰਟ

## 1989-90

29 ਵਾਂ ਸਾਲਾਨਾ ਇਨਾਮ ਵੰਡ ਸਮਾਰੋਹ-17 ਮਾਰਚ, 1990

**ਮੁੱਖ ਮਹਿਮਾਨ : ਡਾ. ਭਗਤ ਸਿੰਘ ਗਿੱਲ**

ਡੀਨ ਵਿਦਿਆਰਥੀ ਭਲਾਈ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ੴ ਸਤਿਗੁਰ ਪ੍ਰਸਾਦਿ ।।

ਸਾਲਾਨਾ ਰਿਪੋਰਟ 1989-90

ਸਤਿਕਾਰ ਯੋਗ ਡਾ: ਭਗਤ ਸਿੰਘ ਗਿੱਲ, ਪਤਵੰਤੇ ਸਜਣੋ, ਅਧਿਆਪਕ ਸਾਥੀਓ ਅਤੇ ਪਿਆਰੇ ਵਿਦਿਆਰਥੀਓ,

ਕਾਲਜ ਦੀ ਸਾਲਾਨਾਂ ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਕਾਲਜ ਵਿਦਿਆਰਥੀਆਂ, ਸਟਾਫ਼ ਮੈਂਬਰਾਂ ਅਤੇ ਆਪਣੇ ਵਲੋਂ ਮੈਂ ਡਾ: ਭਗਤ ਸਿੰਘ ਗਿੱਲ ਜੀ ਨੂੰ ਜੀ ਆਇਆਂ ਆਖਦਾ ਹੋਇਆ ਇਨ੍ਹਾ ਦਾ ਧੰਨਵਾਦੀ ਹਾ ਕਿ ਇਨ੍ਹਾਂ ਨੇ ਸਾਡੀ ਬੇਨਤੀ ਸਵੀਕਾਰ ਕਰਦੇ ਹੋਏ, ਆਪਣੇ ਕੀਤੀ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕਢਕੇ ਅਜ ਦੇ ਸਮਾਗਮ ਦੀ ਪ੍ਰਧਾਨਗੀ ਕਰਨੀ ਅਤੇ ਵਿਦਿਆਰਥੀਆਂ ਨੂੰ ਆਪਣੇ ਕਰ ਕਮਲਾਂ ਨਾਲ ਇਨਾਮ ਵੰਡਣ ਦੀ ਰਸਮ ਪ੍ਰਵਾਨ ਕੀਤੀ ਹੈ। ਸ਼ੈਸ਼ਨ 1989-90 ਸੰਬੰਧੀ ਰਿਪੋਰਟ ਇਸ ਪ੍ਰਕਾਰ ਹੈ :-

**ਨਤੀਜੇ** : ਮਾਰਚ/ਅਪ੍ਰੈਲ 1989 ਵਿੱਚ ਹੋਏ ਸਾਲਾਨਾ ਇਮਤਿਹਾਨ ਸਮੇਂ 10+1 ਆਰਟਸ, +2 ਆਰਟਸ, +1 ਮੈਡੀਕਲ ਅਤੇ ਨਾਨ ਮੈਡੀਕਲ ਦੇ ਨਤੀਜੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਅਤੇ ਬੀ. ਐਸ. ਸੀ. I ਅਤੇ ਬੀ. ਐਸ. ਸੀ II ਦੇ ਨਤੀਜੇ ਪੰਜਾਬੀ ਯੂਨੀਵਰਸਿਟੀ ਦੇ ਨਤੀਜਿਆਂ ਤੋਂ ਵੱਧ ਰਹੇ ਹਨ ਅਤੇ ਹੇਠ ਲਿਖਿਆਂ ਵਿਸ਼ਿਆਂ ਦੇ ਨਤੀਜ 100% ਰਹ ਹਨ :-

| | | |
|---|---|---|
| 1. | +1 (ਆਰਟਸ) | ਪੰਜਾਬੀ (ਜਨਰਲ) ਧਰਮ ਵਿਗਿਆਨ, ਸਰੀਰਕ ਸਿਖਿਆ |
| 2. | +2 (ਆਰਟਸ) | ਪੰਜਾਬੀ (ਸਾਹਿਤ) ਪੰਜਾਬੀ (ਜਨਰਲ) ਲੋਕ ਪ੍ਰਸ਼ਾਸਨ, ਸਮਾਜ ਸ਼ਾਸਤਰ ਇਤਿਹਾਸ, ਪੀ ਐਚ ਸੀ, ਧਰਮ ਵਿਗਿਆਨ, ਸਰੀਰਕ ਸਿਖਿਆ। |
| 3. | ਬੀ. ਏ. I | ਅੰਗਰੇਜ਼ੀ (ਸਾਹਿਤ) ਹਿੰਦੀ (ਸਾਹਿਤ) ਲੋਕ ਪ੍ਰਸ਼ਾਸ਼ਨ, ਧਰਮ ਵਿਗਿਆਨ, ਸਰੀਰਕ ਸਿੱਖਿਆ। |
| 4. | +1 ਮੈਡੀਕਲ ਅਤੇ ਨਾਨ ਮੈਡੀਕਲ | ਅੰਗਰੇਜ਼ੀ (ਜਨਰਲ) ਪੰਜਾਬੀ (ਜਨਰਲ), ਪੀ ਐਚ ਸੀ, ਫ਼ਿਜਿਕਸ ਪ੍ਰੈਕਟੀਕਲ ਕਮਿਸ਼ਟਰੀ ਪ੍ਰੈਕਟੀਕਲ, ਬਾਇਲੋਜੀ ਪ੍ਰੈਕਟੀਕਲ |
| 5. | +2 ਮੈਡੀਕਲ/ਨਾਨ ਮੈਡੀਕਲ | ਅੰਗਰੇਜ਼ੀ (ਜਨਰਲ) ਪੰਜਾਬੀ (ਜਨਰਲ) ਪੀ ਐਚ ਸੀ, ਫ਼ਿਜਿਕਸ ਪ੍ਰੈਕਟੀਕਲ, ਕਮਿਸ਼ਟਰੀ ਪ੍ਰੈਕਟੀਕਲ |
| 6. | ਬੀ. ਏ. III | ਪੰਜਾਬੀ (ਜਨਰਲ) ਰਾਜਨੀਤੀ ਵਿਗਿਆਨ, ਸਮਾਜ ਵਿਗਿਆਨ, ਪੀ ਐਚ ਸੀ, ਇਤਿਹਾਸ, ਇਕਨਾਮਿਕਸ (ਆਨਰਜ਼) ਇਕਨਾਮਿਕਸ ਧਰਮ ਵਿਗਿਆਨ, ਗਣਿਤ, ਸਰੀਰਕ ਸਿਖਿਆ। |
| 7. | ਬੀ. ਐਸ ਸੀ III | ਫ਼ਿਜਿਕਸ (ਪ੍ਰੈਕਟੀਕਲ) |

**ਸਹਿ ਵਿਦਿਅਕ ਸਰਗਰਮੀਆਂ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ ਪਾਠ ਦੀ ਸਮਾਪਤੀ ਅਤੇ ਇਲਾਹੀ ਬਾਣੀ ਦੇ ਕੀਰਤਨ ਉਪਰੰਤ ਅਕਾਦਮਿਕ ਸ਼ੈਸ਼ਨ 1989-90 ਦਾ ਆਰੰਭ ਕੀਤਾ ਗਿਆ।

ਵਿਦਿਆਰਥੀਆਂ ਦੀ ਧਰਮ ਅਤੇ ਸੰਗੀਤ ਵਿਚ ਰੁਚੀ ਨੂੰ ਮੁਖ ਰਖਦੇ ਹੋਏ ਗੁਰਮਿਤ ਸੁਸਾਇਟੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸੰਗੀਤ ਸਿਖਲਾਈ ਕੇਂਦਰ ਕਾਇਮ ਕੀਤੇ ਗਏ।

ਮਿਤੀ 26-9-89 ਨੂੰ ਕਾਲਜ ਵਿਚ ਧਰਮ ਦੀ ਮਹਾਂਨਤਾ ਵਿਸ਼ੇ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ' ਵਿਭਾਗ' ਦੇ ਲੈਕਚਰਾਰ ਡਾ: ਸ਼ਮਸ਼ੇਰ ਸਿੰਘ ਪਾਸੋਂ ਲੈਕਚਰ ਕਰਵਾਇਆ ਗਿਆ।

21 ਨਵੰਬਰ, 1989 ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ ਬਹੁਤ ਹੀ ਸ਼ਰਧਾ ਤੇ ਸਤਿਕਾਰ ਸਾਹਿਤ ਮਨਾਇਆ ਗਿਆ। ਇਸ ਦੌਰਾਨ ਪ੍ਰੋ: ਮਨਜੀਤ ਸਿੰਘ ਜੀ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਨੇ ਇਲਾਹੀ ਬਾਣੀ ਦਾ ਕੀਰਤਨ ਤੇ ਕਥਾ ਵਿਖਿਆਨ ਕੀਤਾ। ਪ੍ਰੋ: ਹਰਪਾਲ ਸਿੰਘ ਪੰਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਅਤੇ ਬਾਅਦ ਵਿਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਮਿਤੀ 20 ਜਨਵਰੀ, 1990 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪਟਿਆਲਾ ਯੂਨਿਟ ਦੇ ਇੰਚਾਰਜ਼ ਸੁਰਿੰਦਰ ਪਾਲ ਸਿੰਘ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਫਿਲਾਸਫ਼ੀ ਸਬੰਧੀ ਲੈਕਚਰ ਦਿੱਤਾ ਗਿਆ।

ਬਸੰਤ ਪੰਚਮੀ (31 ਜਨਵਰੀ 1990) ਦੇ ਮੌਕੇ ਤੇ ਪ੍ਰੋ: ਤਰਲੋਚਨ ਸਿੰਘ ਮਹਾਜਨ ਦੀ ਅਗਵਾਈ ਹੇਠ ਗੁਰਦੁਆਰਾ ਦੁਖਨਿਵਾਰਨ ਸਾਹਿਬ ਵਿਖੇ ਸਵੇਰ ਤੋਂ ਸ਼ਾਮ ਤਕ ਚਾਹ ਦਾ ਅਤੁੱਟ ਲੰਗਰ ਵਰਤਾਇਆ ਗਿਆ, ਜਿਸ ਲਈ ਮਾਇਆ ਵਿਦਿਆਰਥੀਆਂ ਨੇ ਇੱਕਠੀ ਕੀਤਾ।

8 ਫਰਵਰੀ ਤੋਂ 10 ਫਰਵਰੀ ਤਕ ਪੰਜਾਬੀ ਯੂਨੀਵਰਸਿਟੀ ਦਾ ਖੇਤਰੀ ਯੁਵਕ ਮੇਲਾ ਇਸ ਕਾਲਜ ਵਿਚ ਹੀ ਮਨਾਇਆ ਗਿਆ ਜਿਸ ਵਿਚ ਯੂਨੀਵਰਸਿਟੀ ਸਮੇਤ 13 ਕਾਲਜਾਂ ਨੇ ਹਿੱਸਾ ਲਿਆ। ਇਸ ਕਾਲਜ ਦੀ ਭੰਗੜਾ ਟੀਮ ਤੇ ਡਰਾਮਾਂ 'ਬੱਕਰੀ' ਇਸ ਮੁਕਾਬਲੇ ਵਿਚ ਦੂਜੇ ਨੰਬਰ ਤੇ ਰਹੇ। ਪਹਿਲੇ ਦਿਨ ਇਸ ਸਮਾਗਮ ਦਾ ਉਦਘਾਟਨ ਸ. ਪ੍ਰਿਥੀਪਾਲ ਸਿੰਘਐਸ. ਪੀ ਪਟਿਆਲਾ ਨੇ ਕੀਤਾ ਤੇ ਦੂਜੇ ਦਿਨ ਇਸ ਸਮਾਗਮ ਦੀ ਪ੍ਰਧਾਨਗੀ ਪਟਿਆਲਾ ਦੇ ਡਿਪਟੀ ਕਮਿਸਨਰ ਡਾ: ਬੀ. ਸੀ. ਗੁਪਤਾ ਨੇ ਕੀਤੀ। ਡਾ: ਬੀ. ਸੀ. ਗੁਪਤਾ ਨੇ ਇਸ ਮੌਕੇ ਸਮਾਗਮ ਦੀ ਸ਼ਲਾਘਾ ਕਰਦੇ ਹੋਏ ਆਪਣੇ ਅਖਤਿਆਰੀ ਫੰਡ ਵਿਚੋਂ 50000 ਰੁਪੈ ਕਾਲਜ ਨੂੰ ਦਿੱਤੇ। ਅਖੀਰਲੇ ਦਿਨ ਦੇ ਮੁੱਖ ਮਹਿਮਾਨ ਡਾ: ਕੇ ਐਸ ਸਿੱਧੂ ਡੀਨ ਰੀਸਰਚ, ਪੰਜਾਬੀ ਯੂਨੀਵਰਸਿਟੀ ਸਨ, ਜਿਨ੍ਹਾਂ ਨੇ ਜੇਤੂਆਂ ਨੂੰ ਸਰਟੀਫੀਕੇਟ ਦਿੱਤੇ।

30 ਜਨਵਰੀ, 1990 ਤੇ 1 ਫਰਵਰੀ, 1990 ਨੂੰ ਕਾਲਜ ਵਿਚ ਟੇ-ਲਟ ਹੰਟ ਪ੍ਰੋਗਰਾਮ ਕਰਵਾਇਆ ਗਿਆ। ਵੱਖ ਵੱਖ ਕਲਾ ਰੂਪਾਂ ਵਿਚ ਪਹਿਲੇ ਤੇ ਦੂਜੇ ਦਰਜੇ ਦੇ ਇਨਾਮਾਂ ਤੋਂ ਛੁਟ ਕੰਨਸੋਲੇਸ਼ਨ ਇਨਾਮ ਵੀ ਦਿੱਤੇ ਗਏ। ਪੰਜਾਬੀ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵਲੋਂ 650/- ਰੁਪੈ ਦੀ ਗਰਾਂਟ ਇਸ ਸਮਾਗਮ ਲਈ ਦਿੱਤੀ ਗਈ।

13 ਜਨਵਰੀ, 1990 ਨੂੰ ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਪਟਿਆਲਾ ਵਲੋਂ ਕਰਵਾਏ ਗਏ 'ਵਾਦ-ਵਿਵਾਦ' ਮੁਕਾਬਲੇ ਵਿਚ ਕਾਲਜ ਦੇ ਵਿਦਿਆਰਥੀ ਅਨਿਲ ਕੁਮਾਰ ਸਿੰਘ ਤੇ ਕ੍ਰਿਸ਼ਨ ਕੁਮਾਰ ਨੇ ਹਿੱਸਾ ਲਿਆ ਅਤੇ ਅਨਿਲ ਕੁਮਾਰ ਸਿੰਘ ਦੂਜੇ ਨੰਬਰ ਤੇ ਰਿਹਾ।

**ਸਾਇੰਸ ਐਸੋਸੀਏਸ਼ਨ :** ਕਾਲਜ ਵਿਚ ਸਾਇੰਸ ਦੇ ਵਿਦਿਆਰਥੀਆਂ ਦੀ ਇਕ ਐਸੋਸੀਏਸ਼ਨ ਬਣਾਈ ਗਈ। ਅਤੇ ਇਸ ਲਈ ਫੰਡ ਇੱਕਤਰ ਕਰਨ ਵਾਸਤੇ 6 ਅਕਤੂਬਰ, 1989 ਨੂੰ ਇਕ 'ਤੰਬੋਲਾ' ਆਯੋਜਿਤ ਕੀਤਾ ਗਿਆ। 4 ਦਸੰਬਰ, 1989 ਨੂੰ ਸਾਇੰਸ ਕੁਇਜ਼ ਕਰਵਾਇਆ ਗਿਆ ਤੇ ਇਸ ਵਿਚ ਪਹਿਲੇ ਅਤੇ ਦੂਜੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।

8 ਦਸੰਬਰ, 1989 ਨੂੰ ਪ੍ਰੋ: ਐਸ. ਪੀ. ਸਿੰਘ ਵਿਰਦੀ (ਪੰਜਾਬੀ ਯੂਨੀਵਰਸਿਟੀ) ਤੋਂ ਸਟਾਰ ਵਾਰਜ਼ ਉਤੇ ਲੈਕਚਰ ਕਰਵਾਇਆ ਗਿਆ।

15 ਦਸੰਬਰ, 1989 ਨੂੰ ਸਾਇੰਸ ਐਸੋਸੀਏਸ਼ਨ ਵਲੋਂ 'ਨਸ਼ਾ ਛੱਡੋ' ਥੀਮ ਤੇ ਪੇਟਿੰਗ ਕੰਪੀਟੀਸ਼ਨ ਕਰਵਾਇਆ ਗਿਆ। ਇਸ ਵਿਚ ਕਾਲਜ ਦੇ 9 ਵਿਦਿਆਰਥੀਆਂ ਨੇ ਭਾਗ ਲਿਆ ਤੇ ਸਰਬਜੀਤ ਸਿੰਘ ਮਾਨ, ਰਾਜੇਸ਼ ਕੁਮਾਰ ਅਤੇ ਜਸਵਿੰਦਰ ਸਿੰਘ ਕਰਮਵਾਰ ਪਹਿਲੇ, ਦੂਜੇ ਤੇ ਤੀਜੇ ਨੰਬਰ ਤੇ ਰਹੇ।

**ਖੇਡਾਂ :** ਪਿਛਲੇ ਸਾਲ ਵਾਂਗ ਇਸ ਸਾਲ ਵੀ ਕਾਲਜ ਦੀ ਸਾਈਕਲਿੰਗ ਟੀਮ ਨੇ ਪੰਜਾਬੀ ਯੂਨੀਵਰਸਿਟੀ ਸਾਈਕਲਿੰਗ ਚੈਂਪੀਅਨਸ਼ਿਪ ਜਿੱਤੀ :-

—ਤੈਰਾਕੀ ਵਿਚ ਕਾਲਜ ਦੀ ਟੀਮ ਪੰਜਾਬੀ ਯੂਨੀਵਰਸਿਟੀ ਮੁਕਾਬਲਿਆਂ ਵਿਚ ਤੀਜੇ ਸਥਾਨ ਤੇ ਰਹੀ।

—ਵਾਟਰ ਪੋਲੋ ਮੁਕਾਬਲਿਆਂ ਵਿਚ ਵੀ ਕਾਲਜ ਦੀ ਟੀਮ ਪੰਜਾਬੀ ਯੂਨੀਵਰਸਿਟੀ ਵਿਚ ਤੀਜੇ ਨੰਬਰ ਤੇ ਰਹੀ।

—ਕਾਲਜ ਦੀ ਟੀਮ ਨੇ 4 × 100 ਮੀਟਰ ਫ਼ਰੀ ਸਟਾਇਲ ਰੇਸ ਵਿਚ ਦੂਜੀ ਪੁਜੀਸ਼ਨ ਹਾਸਲ ਕੀਤੀ।

—ਪੰਜਾਬੀ ਯੂਨੀਵਰਸਿਟੀ ਜੋਨ ਏ ਜਿਤ ਕੇ ਕਾਲਜ ਦੀ ਫੁਟਬਾਲ ਟੀਮ ਪੰਜਾਬੀ ਯੂਨੀਵਰਸਿਟੀ ਦੇ ਸੈਮੀਫ਼ਾਈਨਲ ਮੁਕਾਬਲੇ ਤੀਕ ਪਹੁੰਚੀ।

– ਕਾਲਜ ਦੀ ਟੇਬਲ ਟੈਨਿਸ ਟੀਮ ਪੰਜਾਬੀ ਯੂਨੀਵਰਸਿਟੀ ਜੋਨ ਏ ਵਿਚ ਦੂਜੇ ਨੰਬਰ ਤੇ ਰਹੀ।

—ਕਾਲਜ ਦੇ ਤਿੰਨ ਵਿਦਿਆਰਥੀ ਅਮਨਦੀਪ ਸਿੰਘ, ਸੁਖਰਾਜ ਸਿੰਘ ਤੇ ਜਸਬੀਰ ਸਿੰਘ ਭਾਰਤੀ ਸਾਈਕਲਿੰਗ ਟੀਮ ਦੇ ਮੈਂਬਰ ਚੁਣੇ ਗਏ ਜਿਨ੍ਹਾਂ ਨੇ 9 ਦਸੰਬਰ ਤੋਂ 17 ਦਸੰਬਰ ਤਕ ਦਿੱਲੀ ਵਿਖੇ ਹੋਈ 14ਵੀਂ ਏਸ਼ੀਅਨ ਸਾਈਕਲਿੰਗ ਚੈਂਪੀਅਨਸ਼ਿਪ ਵਿਚ ਭਾਗ ਲਿਆ। ਵਿਦਿਆਰਥੀ ਸੁਖਰਾਜ਼ ਸਿੰਘ ਤੇ ਅਮਨਦੀਪ ਸਿੰਘ ਨੇ 4000 ਮੀਟਰ ਟੀਮ ਪਰਸੂਟ ਵਿਚ ਚੀਨ, ਥਾਈਲੈਂਡ ਅਤੇ ਤਾਈ-ਪਾਈ (ਫਾਰਮੂਸਾ) ਦੀਆਂ ਟੀਮਾਂ ਨੂੰ ਹਰਾ ਕੇ ਚਾਂਦੀ ਦਾ ਤਮਗ਼ਾ ਹਾਸਲ ਕੀਤਾ। ਇਥੇ ਇਹ ਵਰਨਣਯੋਗ ਹੈ ਕਿ ਸਾਰੇ ਭਾਰਤ ਦੇ ਕਾਲਜਾਂ ਵਿਚ ਇਹ ਇੱਕੋ ਇਕ ਕਾਲਜ ਹੈ ਜਿਸ ਦੇ ਵਿਦਿਆਰਥੀਆਂ ਨੇ ਏਸ਼ੀਅਨ ਟੀਮ ਵਿਚ ਭਾਰਤ ਦੀ ਪ੍ਰਤੀਨਿਧਤਾ ਕੀਤੀ।

—ਸੁਖਰਾਜ਼ ਸਿੰਘ ਨੇ 4000 ਮੀਟਰ ਟੀਮ ਪਰਸੂਟ ਰੇਸ ਵਿਚ ਏਸ਼ੀਅਨ ਸਾਈਕਲਿੰਗ ਚੈਂਪੀਅਨਸ਼ਿਪ ਦੌਰਾਨ ਚੌਥਾ ਸਥਾਨ ਪ੍ਰਾਪਤ ਕੀਤਾ।

—ਅਮਨਦੀਪ ਸਿੰਘ ਸੁਖਰਾਜ਼ ਸਿੰਘ ਤੇ ਜਸਬੀਰ ਸਿੰਘ ਪੰਜਾਬੀ ਯੂਨੀਵਰਸਿਟੀ ਟੀਮ ਲਈ ਚੁਣੇ ਗਏ। ਜਿਨ੍ਹਾ ਨੇ ਆਲ ਇੰਡੀਆਂ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿਚ 4000 ਮੀਟਰ ਪਰਸੂਟ 50 ਕਿਲੋਮੀਟਰ ਰੋਡ ਰੇਸ 1600 ਟੀਮ ਟਾਇਮ ਟਰਾਈਲ ਟੀਮਾਂ ਜਿੱਤ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਦੂਜਾ ਸਥਾਨ ਪ੍ਰਾਪਤ ਕੀਤਾ।

ਸੁਖਰਾਜ਼ ਸਿੰਘ ਨੇ ਰੂਸ ਵਿਚ ਹੋਈਆਂ ਸਾਈਕਲ ਦੌੜਾਂ ਵਿਚ ਭਾਰਤ ਦੀ ਟੀਮ ਵਜੋਂ ਭਾਗ ਲਿਆ। ਅਮਨਦੀਪ ਸਿੰਘ, ਸੁਖਰਾਜ਼ ਸਿੰਘ ਤੇ ਜਸਬੀਰ ਨੇ ਪਟਿਆਲਾ ਵਿਖੇ ਹੋਏ ਇੰਡੋ-ਲਿਟਵੇਨੀਆਂ (ਰੂਸ) ਮੁਕਾਬਲਿਆਂ ਵਿਚ ਭਾਰਤ ਵਲੋਂ ਹਿੱਸਾ ਲਿਆ।

ਕਾਲਜ ਦੇ ਦੋ ਵਿਦਿਆਰਥੀਆਂ ਪ੍ਰਵੀਨ ਕੁਮਾਰ ਅਤੇ ਅਤੇ ਰਾਜ ਕੁਮਾਰ ਨੇ ਪੰਜਾਬੀ ਯੂਨੀਵਰਸਿਟੀ ਦੇ ਭਾਰ ਚੁੱਕਣ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ ਤੇ ਇਸੇ ਤਰਾਂ ਕਾਲਜ਼ ਦੇ ਵਿਦਿਆਰਥੀਆਂ ਨੇ ਸ਼ਤਰੰਜ ਅਤੇ ਅਥਲੈਟਿਕ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ।

ਕਾਲਜ ਦਾ ਸਲਾਨਾ ਖੇਡ ਸਮਾਗਮ ਮਿਤੀ 5-6 ਮਾਰਚ ਨੂੰ ਕਰਵਾਇਆ ਜਿਸ ਦੇ ਸਮਾਪਤੀ ਸਮਾਰੋਹ ਸਮੇਂ ਸ: ਬਲਦੇਵ ਸਿੰਘ ਸੰਧੂ, ਚੀਫ ਸਪੋਰਟਸ ਆਰਗੇਨਾਈਜ਼ਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਜੇਤੂਆਂ ਨੂੰ ਇਨਾਮ ਦਿਤੇ। ਵਿਦਿਆਰਥੀ 'ਪੀਟਰ ਮੁਬਾਈ' ਲੜਕਿਆਂ ਚੋਂ ਅਤੇ ਲਿਲੀਅਨ' ਲੜਕੀਆਂ ਵਿਚ ਸਰਵ ਉਤਮ ਅਥਲੀਟ ਕਰਾਰ ਦਿੱਤੇ ਗਏ।

**ਐਨ. ਸੀ. ਸੀ :** 1989-90 ਦੇ ਸ਼ੈਸ਼ਨ ਦੌਰਾਨ 42 ਕੈਡਟਜ਼ ਸਾਮਲ ਕੀਤੇ ਗਏ ਅਤੇ ਸ਼ੱਤ ਕੈਡੇਟਜ਼ ਨੇ ਐਵੀਏਸ਼ਨ ਕਲੱਬ ਪਟਿਆਲਾ ਵਿਖੇ ਸਲਾਨਾ ਟਰੇਨਿੰਗ ਕੈਂਪ ਵਿਚ ਭਾਗ ਲਿਆ। ਛੇ ਕੈਡੇਟਜ਼ ਨੇ ਖੂਨ ਦਾਨ ਕੀਤਾ। ਕੈਡੇਟ ਭੁਪਿੰਦਰ ਸਿੰਘ ਇਸੇ ਕੈਂਪ ਵਿਚ ਹੀ ਕਰਾਸ ਕੰਟਰੀ 'ਚ ਤੀਜੇ ਸਥਾਨ ਤੇ ਰਿਹਾ। ਹਰਿੰਦਰ ਪਾਲ ਸਿੰਘ ਬੈਸਟ ਕੈਡੇਟ ਕਰਾਰ ਦਿਤਾ ਗਿਆ ਤੇ ਡਾਇਰੈਕਟੋਰੇਟ ਕੰਬਾਈਂਡ ਐਨਅੂਲ ਟਰੇਨਿੰਗ ਕੈਂਪ ਵਾਸਤੇ ਚੁਣਿਆ ਗਿਆ। 6 ਕੈਡੇਟਸ ਨੇ ਬੀ ਸਰਟੀਫੀਕੇਟ ਦਾ ਇਮਤਿਹਾਨ ਦਿੱਤਾ, ਜਿਸਦਾ ਨਤੀਜਾ ਅਜੇ ਆਉਣਾ ਬਾਕੀ ਹੈ।

**ਐਨ. ਐਸ. ਐਸ :** ਐਨ. ਐਸ. ਐਸ ਦੇ ਕੁਲ 208 ਵਲੰਟੀਅਰ ਹਨ ਤੇ ਪੰਜਾਬੀ ਯੂਨੀਵਰਸਿਟੀ ਵਲੋਂ ਇਸ ਸਾਲ ਕਾਲਜ ਨੂੰ ਇਕ ਹੋਰ ਯੂਨਟ ਦਿੱਤਾ ਗਿਆ ਹੈ। ਵਰਤਮਾਨ ਹਾਲਾਤ ਨੂੰ ਵੇਖਦੇ ਹੋਏ ਐਨ ਐਸ ਐਸ ਦਾ 10 ਰੋਜ਼ਾ ਕੈਂਪ ਇਸ ਸਾਲ ਖਾਲਸਾ ਕਾਲਜ ਵਿਖੇ ਯੂਨਿਟ ਮਿਤੀ 25-12-89 ਤੋਂ 3-1-90 ਤਕ ਲਗਾਇਆ ਗਿਆ। ਇਸ ਕੈਂਪ ਦੌਰਾਨ ਵਿਦਿਆਰਥੀਆਂ ਨੇ ਕਾਲਜ ਇਮਾਰਤ ਦੀ ਸਫੇਦੀ, ਅਤੇ ਖੇਡ ਮੈਦਾਨ ਪੱਧਰ ਕੀਤੇ ਅਤੇ ਸਫੇਦਿਆਂ ਦੇ ਬੂਟੇ ਵੀ ਲਗਾਏ। ਸਤੰਬਰ 1989 ਵਿਚ ਸ੍ਰੀ ਬੀ. ਐਸ. ਗਰੇਵਾਲ ਪ੍ਰੋਗਰਾਮ ਕੋਆਰਡੀਨੇਟਰ ਐਨ. ਐਸ. ਐਸ., ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਲੰਟੀਅਰਾਂ ਨੂੰ ਐਨ. ਐਸ. ਐਸ ਦੀ ਮਹੱਤਤਾ ਬਾਰੇ ਲੈਕਚਰ ਦਿੱਤਾ। ਵਲੰਟੀਅਰ ਪਾਲ ਸਿੰਘ ਇਸ ਸਾਲ ਦਾ ਸਰਵੋਤਮ ਵਲੰਟੀਅਰ ਘੋਸ਼ਿਤ ਕੀਤਾ ਗਿਆ ਜਿਸ ਨੂੰ ਪ੍ਰੋ: ਮੁਨਸ਼ੀ ਰਾਮ ਮੈਮੋਰੀਅਲ ਫਾਊਂਡੇਸ਼ਨ ਵਲੋਂ ਸਨਮਾਨਿਤ ਕੀਤਾ ਜਾਣਾ ਹੈ।

**ਯੂਥ ਕਲੱਬ :** ਸ਼ੈਸ਼ਨ 1989-90 ਦੌਰਾਨ 4 ਲੜਕੀਆਂ ਤੇ 2 ਲੜਕਿਆਂ ਨੇ 10 ਦਿਨਾਂ ਦੇ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ ਵਿਚ ਭਾਗ ਲਿਆ ਜੋ ਕੇ ਪੰਜਾਬ ਸਰਕਾਰ ਵਲੋਂ ਮੁਨਾਲੀ ਵਿਖੇ ਲਗਾਇਆ ਗਿਆ। ਡਾ: ਕੇ. ਕੇ. ਸ਼ਰਮਾ ਨੇ ਜੂਨ 1989 ਵਿਚ ਪੰਜਾਬ ਸਰਕਾਰ ਦੁਆਰਾ ਮੁਨਾਲੀ ਵਿਖੇ ਲਾਏ ਗਏ 10 ਦਿਨਾਂ ਦੇ ਟੀਚਰ ਟਰੇਨਿੰਗ ਕੈਂਪ ਵਿਚ ਭਾਗ ਲਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਲਾਏ ਗਏ 10 ਦਿਨਾਂ ਦੇ ਹਾਈਕਿੰਗ ਟਰੈਕਿੰਗ ਕੈਂਪ ਵਿਚ 10 ਵਿਦਿਆਰਥੀਆਂ ਨੇ ਭਾਗ ਲਿਆ।

**ਫੀਸ ਮੁਆਫੀ :** ਹਰ ਸਾਲ ਕਾਲਜ ਵਲੋਂ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜੀਫੇ ਤੇ ਉਹਨਾਂ ਦੀ ਫੀਸ ਮੁਆਫ਼ ਕੀਤੀ ਜਾਂਦੀ ਹੈ। ਇਸ ਸਾਲ ਫੀਸ ਮੁਆਫ ਕਮੇਟੀ ਨੇ 48 ਵਿਦਿਆਰਥੀਆਂ ਦੀ ਅੱਧੀ ਫੀਸ ਮੁਆਫ਼ ਕੀਤੀ।

**ਸਟਾਫ਼ ਤਬਦੀਲੀਆਂ ਤੇ ਉਹਨਾਂ ਦੀਆਂ ਪ੍ਰਾਪਤੀਆਂ :** 1989-90 ਦੌਰਾਨ ਪ੍ਰੋ: ਡੀ. ਕੇ. ਸਿੰਘ ਦੇ ਰਿਟਾਇਰ ਹੋਣ ਕਰਕੇ ਕੁਮਾਰੀ ਹਰਤੇਜ਼ ਕੌਰ ਟਿਵਾਣਾ ਅੰਗਰੇਜ਼ੀ ਵਿਭਾਗ ਵਿਚ ਬਤੌਰ ਲੈਕਚਰਾਰ ਨਿਯੁਕਤ ਕੀਤੇ ਗਏ। ਡਾ: ਹਰਬੀਰ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਵਿਚ ਅੰਡਰ ਗਰੇਜੂਏਟ ਬੋਰਡ ਆਫ ਸਟੱਡੀਜ਼ ਵਿਚ ਨਾਮਜ਼ਦ ਕੀਤੇ ਗਏ ਅਤੇ ਡਾ. ਕੇ. ਕੇ. ਸ਼ਰਮਾ ਪੰਜਾਬੀ ਯੂਨੀਵਰਸਿਟੀ ਦੇ ਫਿਜਿਕਸ ਵਿਭਾਗ 'ਚ ਅੰਡਰ ਗਰੇਜੂਏਟ ਬੋਰਡ ਆਫ ਸਟੱਡੀਜ 'ਚ ਨਾਮਜਦ ਕੀਤੇ ਗਏ ਮਿਤੀ 18 ਸਤੰਬਰ 89 ਤੋਂ 13 ਅਕਤੂਬਰ 1989 ਤਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਆਯੋਜਿਤ ਹੋਏ, ਉਰੀਐਨਟੇਸ਼ਨ ਕੋਰਸ 'ਚ ਪ੍ਰੋ:ਸਤਿੰਦਰ ਸਿੰਘ ਕਾਹਲੋਂ ਤੇ ਪ੍ਰੋ:ਮਿਸ ਹਰਬਿੰਦਰ ਚਾਹਲ ਨੇ ਭਾਗ ਲਿਆ 20 ਤੋਂ 22 ਫਰਵਰੀ ਤਕ ਪੰਜਾਬੀ ਯੂਨੀਵਰਸਿਟੀ ਦੇ ਵਿਉਂਤ ਵਿਕਾਸ ਵਿਭਾਗ ਵਲੋਂ 3 ਦਿਨ ਦੀ ਕਾਨਫਰੰਸ "ਮਧ-ਕਾਲੀਨ ਪੰਜਾਬੀ ਸਾਹਿਤ ਪੁਨਰ-ਵਿਵੇਚਨ" ਦੇ ਵਿਸ਼ੇ ਤੇ ਹੋਈ ਜਿਸ ਵਿਚ, ਪ੍ਰੋ: ਬਰਿੰਦਰ ਕੌਰ ਤੇ ਪ੍ਰੋ: ਸਤਿੰਦਰ ਸਿੰਘ ਕਾਹਲੋਂ ਨੇ ਹਿਸਾ ਲਿਆ ਪੰਜਾਬੀ ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗਰੰਥ ਸਾਹਿਬ ਅਧਿਐਨ' ਵਿਭਾਗ ਵਲੋਂ ਮਿਤੀ 17-10-89 ਤੋਂ 26-10-89 ਤਕ ਲਾਏ ਗਏ ਰੀਫਰੇਸ਼ਰ ਕੋਰਸ ਵਿਚ ਪ੍ਰੋ: ਬਰਿੰਦਰ ਕੌਰ ਨੇ ਭਾਗ ਭਾਗ ਲਿਆ। ਪ੍ਰੋ: ਤਰਲੋਚਨ ਸਿੰਘ ਮਹਾਜਨ ਨੇ ਜੂਨ 12 ਤੋਂ ਜੁਲਾਈ 7, 1989 ਤਕ ਲਗੇ ਓਰੀਅਨਟੇਸਨ ਕੋਰਸ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਭਾਗ ਲਿਆ। ਪ੍ਰੋ: ਤਰਲੋਚਨ ਸਿੰਘ ਮਹਾਜਨ ਤੇ ਪ੍ਰੋ: ਬਰਿੰਦਰ ਕੌਰ ਦੀਆਂ ਰਚਨਾਵਾਂ ਵੱਖ 2 ਪਤ੍ਰਿਕਾਵਾਂ ਤੇ ਪਰਚਿਆਂ ਵਿਚ ਛਪੀਆਂ। ਜਿਨਾਂ ਵਿਚੋਂ 'ਗੁਰਨਾਨਕ ਦੇਵ ਜੀ ਦਾ ਰਸਾਇਣਕ ਤਸੱਵਰ ਵਾਰ, "ਸਭ ਮੈਂ ਜੋਤਿ ਜੋਤਿ ਹੈ ਸੋਇ" ਭੈ ਵਿਚ ਬ੍ਰਹਿਮੰਡ ਤੇ ਇਸਦਾ ਵਿਗਿਆਨ," ਵਰਨਣ ਯੋਗ ਹਨ ਪ੍ਰੋ: ਮਹਾਜਨ ਦੇ ਲੇਖ 'ਜੋਤਿ' ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਸਰਵੋਤਮ ਪੰਜਾਬੀ ਨਿਬੰਧ ਸੰਗ੍ਰਹਿ' ਵਿਚ ਪ੍ਰਕਾਸ਼ਿਤ ਕੀਤਾ।

ਅੰਤ ਵਿਚ ਮੈਂ ਸਾਰੇ ਸਟਾਫ ਮੈਂਬਰਾਂ (ਟੀਚਿੰਗ ਅਤੇ ਨਾਨ ਟੀਚਿੰਗ) ਅਤੇ ਵਿਦਿਆਰਥੀਆਂ ਦਾ ਧੰਨਵਾਦੀ ਹਾਂ ਜਿਨਾਂ ਦੇ ਸਹਿਯੋਗ ਸਦਕਾ ਸ਼ੈਸ਼ਨ ਦੌਰਾਨ ਇਹ ਸਭ ਕੁਝ ਕਰਨਾ ਸੰਭਵ ਹੋ ਸਕਿਆ ਹੈ।

ਧੰਨਵਾਦ ਸਹਿਤ

ਗੁਰਤੇਜ ਸਿੰਘ ਸਿੱਧੂ

(ਪ੍ਰਿੰਸੀਪਲ)